ਮਿੱਠੇ ਬੱਚੇ:- "ਮਿੱਠੇ ਬੱਚੇ :- ਘਰ - ਘਰ ਨੂੰ ਸਵਰਗ ਬਨਾਉਣ ਦੀ ਜਿੰਮੇਵਾਰੀ ਤੁਸੀਂ ਬੱਚਿਆਂ ਤੇ ਹੈ, ਸਭ ਨੂੰ ਪਤਿਤ ਤੋਂ ਪਾਵਨ ਹੋਣ ਦਾ ਲਕਸ਼ ਦੇਣਾ ਹੈ, ਦੈਵੀਗੁਣ ਧਾਰਨ ਕਰਨੇ ਹਨ"

ਪ੍ਰਸ਼ਨ:- ਈਸ਼ਵਰੀਏ ਗੋਦ ਵਿੱਚ ਆਉਣ ਨਾਲ ਤੁਸੀਂ ਬੱਚਿਆਂ ਨੂੰ ਕਿਹੜਾ ਅਨੁਭਵ ਹੁੰਦਾ ਹੈ?

ਉੱਤਰ:- ਮੰਗਲ ਮਿਲਣ ਮਨਾਉਣ ਦਾ ਅਨੁਭਵ ਈਸ਼ਵਰੀਏ ਗੋਦ ਵਿੱਚ ਆਉਣ ਵਾਲੇ ਬੱਚਿਆਂ ਨੂੰ ਹੁੰਦਾ ਹੈ। ਤੁਸੀਂ ਜਾਣਦੇ ਹੋ ਸੰਗਮਯੁੱਗ ਹੈ ਇਸ਼ਵਰ ਨਾਲ ਮਿਲਣ ਮਨਾਉਣ ਦਾ ਯੁੱਗ। ਤੁਸੀਂ ਈਸ਼ਵਰ ਨਾਲ ਮਿਲਣ ਮਨਾਕੇ ਭਾਰਤ ਨੂੰ ਸਵਰਗ ਬਣਾ ਦਿੰਦੇ ਹੋ। ਇਸ ਵੇਲੇ ਤੁਸੀਂ ਬੱਚੇ ਸਨਮੁੱਖ ਮਿਲਦੇ ਹੋ। ਸਾਰਾ ਕਲਪ ਕੋਈ ਵੀ ਸਨਮੁੱਖ ਮਿਲਣ ਨਹੀਂ ਮਨਾ ਸਕਦਾ। ਤੁਹਾਡਾ ਇਹ ਬਹੁਤ ਛੋਟਾ ਜਿਹਾ ਈਸ਼ਵਰੀਏ ਕੁਲ ਹੈ, ਸ਼ਿਵਬਾਬਾ ਹੈ ਦਾਦਾ, ਬ੍ਰਹਮਾ ਹੈ ਬਾਬਾ ਅਤੇ ਤੁਸੀਂ ਬੱਚੇ ਹੋ ਭਾਈ - ਭੈਣ, ਦੂਸਰਾ ਕੋਈ ਸੰਬੰਧ ਨਹੀਂ।

ਗੀਤ:- ਨਵੀਂ ਉਮਰ ਦੀਆਂ ਕਲੀਆਂ...

ਓਮ ਸ਼ਾਂਤੀ। ਬਾਬਾ ਜਦੋਂ ਆਉਂਦੇ ਹਨ ਤਾਂ ਪਹਿਲਾਂ ਕੁਝ ਸਮੇਂ ਸਾਇਲੇਂਸ ਵਿੱਚ ਬੈਠਣਾ ਚਾਹੀਦਾ ਹੈ ਕਿਉਂਕਿ ਪਹਿਲੇ - ਪਹਿਲੇ ਦਾਨ ਦਿੱਤਾ ਜਾਂਦਾ ਹੈ ਯਾਦ ਦਾ। ਯਾਦ ਨਾਲ ਹੀ ਪਤਿਤਾਂ ਨੂੰ ਪਾਵਨ ਬਨਾਉਣਾ ਹੈ। ਤੁਸੀਂ ਬੱਚੇ ਦਾਨ ਦੇ ਰਹੇ ਹੋ ਅਤੇ ਲੈ ਰਹੇ ਹੋ। ਬਾਪ ਆਕੇ ਕੰਡਿਆਂ ਤੋਂ ਕਲੀਆਂ ਬਣਾਉਂਦੇ ਹਨ ਫਿਰ ਕਲੀਆਂ ਤੋਂ ਫੁੱਲ ਬਣਦੇ ਹਨ। ਤੁਸੀਂ ਜਾਣਦੇ ਹੋ ਸਾਡੀ ਸਰਵਿਸ ਹੀ ਹੈ - ਹਰ ਇੱਕ ਨੂੰ ਸਵਰਗ ਦੇ ਲਾਇਕ ਬਨਾਉਣਾ। ਜਿਵੇਂ ਤੁਸੀਂ ਬਣ ਰਹੇ ਹੋ।

ਬਾਪ ਆਕੇ ਪਹਿਲਾਂ ਹੈਲਥ, ਪਿੱਛੋਂ ਵੈਲਥ ਦਿੰਦੇ ਹਨ। ਪਹਿਲੇ ਸ਼ਾਂਤੀ ਫਿਰ ਸੁਖ। ਅਸਲ ਵਿੱਚ ਸੁਖ ਦੋਵਾਂ ਵਿਚ ਹੈ। ਤੁਸੀਂ ਬੱਚਿਆਂ ਨੂੰ ਸੁਖ ਅਤੇ ਸ਼ਾਂਤੀ ਦੋਵੇਂ ਚਾਹੀਦੇ ਹਨ ਅਤੇ ਜੋ ਸੰਨਿਆਸੀ ਆਦਿ ਹਨ ਉਹ ਸਿਰਫ ਸ਼ਾਂਤੀ ਚਾਹੁੰਦੇ ਹਨ। ਸੰਨਿਆਸੀ ਸੁਖ ਨਹੀਂ ਚਾਉਂਦੇ ਹਨ। ਸੁਖ ਤਾਂ ਉਹ ਦੇ ਨਹੀਂ ਸਕਦੇ। ਜੇਕਰ ਸ਼ਾਂਤੀ ਦੇਣ ਤਾਂ ਵੀ ਅਲਪ ਕਾਲ ਸ਼ਣ ਭੰਗੁਰ ਦੇ ਲਈ। ਕਹਿੰਦੇ ਹਨ ਕਿ ਸੁਖ ਤਾਂ ਕਾਗ ਵਿਸ਼ਟਾ ਸਮਾਨ ਹੈ। ਸੰਨਿਆਸੀ ਬਹੁਤ ਕਰਕੇ ਸ਼ਾਂਤੀ ਚਾਉਂਦੇ ਹਨ ਮੁਕਤੀ ਦੇ ਲਈ। ਮੁਕਤੀ ਦੂਸਰਾ ਕੋਈ ਤੇ ਦੇ ਨਹੀਂ ਸਕਦਾ। ਇਸਨੂੰ ਬੇਹੱਦ ਦੀ ਮੁਕਤੀ, ਬੇਹੱਦ ਦੀ ਜੀਵਨਮੁਕਤੀ ਕਿਹਾ ਜਾਂਦਾ ਹੈ, ਸੋ ਬੇਹੱਦ ਦਾ ਬਾਪ ਹੀ ਦੇ ਸਕਦੇ ਹਨ। ਤੁਸੀਂ ਜਾਣਦੇ ਹੋ ਇਸ ਵੇਲੇ ਸਭ ਕੰਡੇ ਹਨ। ਕੰਡੇ ਚੁਭਦੇ ਹਨ। ਬਾਪ ਕਹਿੰਦੇ ਹਨ ਸਭ ਇੱਕ ਦੂਜੇ ਨੂੰ ਕਾਮ ਕਟਾਰੀ ਨਾਲ ਮਾਰਦੇ ਹਨ। ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਕਾਮ ਕਟਾਰੀ ਨੂੰ ਹਿੰਸਾ ਕਿਹਾ ਜਾਂਦਾ ਹੈ। ਤੁਸੀਂ ਵਿਕਾਰ ਵਿੱਚ ਜਾਂਦੇ ਹੋ ਤਾਂ ਆਦਿ - ਮਧ - ਅੰਤ ਇੱਕ ਦੂਜੇ ਨੂੰ ਦੁੱਖ ਦਿੰਦੇ ਹੋ। ਇਹ ਹੈ ਦੁੱਖ ਦੀ ਦੁਨੀਆ। ਸੁਖ ਦੀ ਦੁਨੀਆ ਸਵਰਗ ਨੂੰ ਕਿਹਾ ਜਾਂਦਾ ਹੈ - ਜਦਕਿ ਨਵੀਂ ਸ੍ਰਿਸ਼ਟੀ ਨਵਾਂ ਭਾਰਤ ਹੈ। ਭਾਰਤਵਾਸੀ ਜੋ ਦੇਵੀ - ਦੇਵਤਿਆਂ ਦੇ ਪੁਜਾਰੀ ਹਨ, ਜਾਣਦੇ ਹਨ ਕਿ ਇਨ੍ਹਾਂ ਦੇਵਤਾਵਾਂ ਦਾ ਰਾਜ ਸੀ ਜਿਸਨੂੰ ਸਵਰਗ ਕਿਹਾ ਜਾਂਦਾ ਸੀ। ਇਹ ਵੀ ਮਹਿਸੂਸਤਾ ਆਉਂਦੀ ਹੈ। ਲਕਸ਼ਮੀ - ਨਾਰਾਇਣ ਦੇ ਮੰਦਿਰ ਵਿਚ ਜਾਕੇ ਉਨ੍ਹਾਂ ਦੀ ਮਹਿਮਾ ਗਾਉਂਦੇ ਹਨ। ਸਮਝਦੇ ਹਨ ਭਾਰਤ ਦੇ ਇਹ ਮਾਲਿਕ ਸਨ। ਭਾਰਤ ਸਵਰਗ ਸੀ - ਇਹ ਵੀ ਮਹਿਸੂਸਤਾ ਆਉਂਦੀ ਹੈ, ਪ੍ਰੰਤੂ ਹਵਾ ਦੇ ਮੁਆਫਿਕ। ਸਮਝਦੇ ਤਾਂ ਹਨ ਭਾਰਤ ਵਿਚ ਲਕਸ਼ਮੀ - ਨਾਰਾਇਣ ਦੇ ਇੰਨੇਂ ਮੰਦਿਰ ਬਣਾਉਂਦੇ ਹਨ ਤਾਂ ਉਨ੍ਹਾਂ ਦੀ ਰਾਜਧਾਨੀ ਸੀ। ਮਹਾਰਾਜਾ - ਮਾਹਾਰਾਣੀ ਕਿਹਾ ਜਾਂਦਾ ਸੀ। ਪ੍ਰੰਤੂ ਕਦੋਂ ਸੀ ਇਹ ਭੁੱਲ ਗਏ ਹਨ। ਕਿੰਨੀ ਸਧਾਰਨ ਭੁੱਲ ਹੈ। ਕੋਈ ਜਿਆਦਾ ਟਾਇਮ ਨਹੀਂ ਹੋਇਆ ਹੈ। ਪੰਜ ਹਜਾਰ ਵਰ੍ਹਿਆਂ ਦੀ ਗੱਲ ਹੈ। ਉਨ੍ਹਾਂ ਦੇ ਲਈ ਇਵੇਂ ਕਹਿੰਦੇ ਹਨ ਕਿ ਰੀਇਨਕਾਰਨੇਸ਼ਨ ਕੀਤਾ। ਉਵੇਂ ਤਾਂ ਰੀਇਨਕਾਰਨੇਟ ਹਰੇਕ ਕਰਦੇ ਹਨ। ਆਤਮਾ ਆਕੇ ਪ੍ਰਵੇਸ਼ ਕਰਦੀ ਹੈ ਇਸ ਨੂੰ ਵੀ ਰੀ- ਇਨਕਾਰਨੇਟ ਕਹਾਂਗੇ। ਪ੍ਰੰਤੂ ਪਹਿਲੇ ਵੱਡਿਆਂ ਦਾ ਨਾਮ ਗਾਇਆ ਜਾਂਦਾ ਹੈ। ਕਿਹਾ ਜਾਂਦਾ ਹੈ - ਪਰਮਪਿਤਾ ਪਰਮਾਤਮਾ ਰੀਇਨਕਾਰਨੇਟ ਕਰਨਗੇ, ਤਾਂ ਆਕੇ ਸ਼ਰੀਰ ਵਿੱਚ ਪ੍ਰਵੇਸ਼ ਕਰਨਗੇ। ਰੀਇਨਕਾਰਨੇਟ ਦਾ ਮਤਲਬ ਇਹ ਹੈ। ਤਾਂ ਜੋ ਵੱਡੇ ਨਾਮੀਗ੍ਰਾਮੀ ਹੁੰਦੇ ਹਨ ਉਨ੍ਹਾਂ ਦੇ ਲਈ ਕਿਹਾ ਜਾਂਦਾ ਹੈ। ਜਿਵੇਂ ਬੁੱਧ ਦਾ ਰੀਇਨਕਾਰਨੇਸ਼ਨ। ਬੋਧੀ ਅਤੇ ਕ੍ਰਿਸ਼ਚਨ ਦਾ ਭਾਰਤ ਵਿਚ ਕੁਨੈਕਸ਼ਨ ਵੇਖਣ ਵਿੱਚ ਆਉਂਦਾ ਹੈ। ਗੁਰੂਨਾਨਕ ਨੂੰ ਪੰਜ ਸੌ ਵਰ੍ਹਿਆਂ ਦੇ ਲਗਭਗ ਹੀ ਵਿਖਾਉਂਦੇ ਹਨ। ਉਨ੍ਹਾਂ ਦਾ ਵੀ ਛੋਟਾ ਰੀਇਨਕਾਰਨੇਸ਼ਨ ਹੈ। ਉਹ ਵੱਡੇ ਹਨ। ਤਾਂ ਰੀਇਨਕਾਰਨੇਸ਼ਨ ਸਭ ਕਰਦੇ ਹਨ। ਹੁਣ ਪਰਮਪਿਤਾ ਪਰਮਾਤਮਾ ਨੂੰ ਬੁਲਾਉਂਦੇ ਹਨ। ਪ੍ਰੰਤੂ ਉਹ ਕਦੋਂ ਆਵੇਗਾ, ਕਿਵੇਂ ਆਵੇਗਾ - ਇਹ ਨਹੀਂ ਜਾਣਦੇ। ਸ਼ਰੀਰ ਵਿਚ ਤੇ ਜਰੂਰ ਆਉਣਾ ਹੁੰਦਾ ਹੈ। ਲੇਕਿਨ ਜਨਮ ਨਾ ਲੈਣ ਦੇ ਕਾਰਣ ਉਨ੍ਹਾਂਨੂੰ ਰੀਇਨਕਾਰਨੇਸ਼ਨ ਕਿਹਾ ਜਾਂਦਾ ਹੈ। ਛੋਟਾ ਬੱਚਾ ਤੇ ਨਹੀਂ ਬਣਦੇ ਹਨ। ਸਭ ਤੋਂ ਵੱਡਾ ਰੀਇਨਕਾਰਨੇਸ਼ਨ ਪਰਮਪਿਤਾ ਪਰਮਾਤਮਾ ਦਾ ਕਹਾਂਗੇ। ਗਾਉਂਦੇ ਹਨ - ਪਰਮਾਤਮਾ 24 ਅਵਤਾਰ ਲੈਂਦੇ ਹਨ। ਹੁਣ ਕਹਿ ਦਿੰਦੇ ਪੱਥਰ - ਪੱਥਰ ਵਿੱਚ ਅਵਤਾਰ ਲਿਆ। ਡਿੱਗਦੇ ਜਾਂਦੇ ਹਨ। ਜਿਵੇਂ ਭਾਰਤ ਡਿੱਗਦਾ ਜਾਂਦਾ ਹੈ ਉਵੇਂ ਉਨ੍ਹਾਂ ਦੀ ਕਥਨੀ ਵੀ ਡਿੱਗਦੀ ਜਾਂਦੀ ਹੈ। ਬਾਪ ਨਵੀਂ ਦੁਨੀਆ ਦਾ ਰਚਿਯਤਾ ਹੈ। ਸੋ ਜਰੂਰ ਨਵੀਂ ਅਤੇ ਪੁਰਾਣੀ ਦੁਨੀਆ ਦੇ ਸੰਗਮ ਤੇ ਆਉਣਗੇ। ਉਨ੍ਹਾਂ ਨੂੰ ਸਭ ਤੋਂ ਵੱਡਾ ਰੀਇਨਕਾਰਨੇਸ਼ਨ ਕਹਾਂਗੇ। ਸ਼ਿਵ ਦਾ ਸਭ ਤੋਂ ਵੱਡਾ ਰੀਇਨਕਾਰਨੇਸ਼ਨ ਹੈ। ਪ੍ਰੰਤ ਮਨੁੱਖ ਸਮਝਦੇ ਨਹੀਂ ਹਨ ਕਿਉਂਕਿ ਪਰਮਾਤਮਾ ਤੋਂ ਬੇਮੁੱਖ ਹੋਏ ਹਨ। ਨਿਰਾਕਾਰ ਤੋਂ ਪ੍ਰਿਚਿਤ ਜਰੂਰ ਹਨ ਪ੍ਰੰਤੂ ਉਹ ਇਹ ਨਹੀਂ ਜਾਣਦੇ ਕਿ ਪਰਮਾਤਮਾ ਕਦੋਂ ਆਉਂਦੇ ਹਨ, ਕੀ ਆਕੇ ਕਰਦੇ ਹਨ? ਇਵੇਂ ਨਹੀਂ ਕਿ

ਵਿਸ਼ਨੂੰ ਦਾ ਰੀਇਨਕਾਰਨੇਸ਼ਨ ਕਹਾਂਗੇ। ਦੇਵੀ - ਦੇਵਤਾ ਧਰਮ ਦਾ ਰੀਇਨਕਾਰਨੇਸ਼ਨ ਨਹੀਂ ਕਹਾਂਗੇ। ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਹਾਂਗੇ।

ਵਿਸ਼ਨੂੰ ਅਵਤਰਣ ਇੱਕ ਨਾਟਕ ਵੀ ਬਣਾਉਂਦੇ ਹਨ। ਹੁਣ ਅਸਲ ਵਿਚ ਵਿਸ਼ਨੂੰ ਅਵਤਰਣ ਦੀ ਤੇ ਗੱਲ ਹੀ ਨਹੀਂ। ਤੁਸੀਂ ਹੁਣ ਵਿਸ਼ਨੂੰ ਦੇ ਕੁਲ ਦੇ ਬਣ ਰਹੇ ਹਾਂ। ਈਸ਼ਵਰ ਦਾ ਕੁਲ ਹੈ ਨਾ। ਇਹ ਸ਼ਿਵ ਦਾ ਬੱਚਾ ਬ੍ਰਹਮਾ, ਬ੍ਰਹਮਾ ਦੇ ਬੱਚੇ ਤੁਸੀਂ। ਤੁਹਾਨੂੰ ਈਸ਼ਵਰੀਏ ਕੁਲ ਕਿਹਾ ਜਾਂਦਾ ਹੈ। ਪਰਮਪਿਤਾ ਪਰਮਾਤਮਾ ਕਹਿੰਦੇ ਹਨ ਮੈਂ ਆਕੇ ਤੁਹਾਨੂੰ ਆਪਣਾ ਬਣਾਉਂਦਾ ਹਾਂ। ਮੈਂ ਆ ਕੇ ਤੁਸੀਂ ਬੱਚਿਆਂ ਦਾ ਬਾਪ ਬਣਦਾ ਹਾਂ। ਹਾਂ ਤੇ ਸਭ ਦਾ ਬਾਪ। ਪ੍ਰੰਤੂ ਹੁਣ ਤੁਸੀ ਬ੍ਰਹਮਾ ਦਵਾਰਾ ਮੇਰੇ ਬਣੇ ਹੋ, ਇਸਲਈ ਤੁਸੀਂ ਮੈਨੂੰ ਦਾਦਾ ਕਹਿੰਦੇ ਹੋ। ਆਤਮਾਵਾਂ ਦਾ ਬਾਪ ਤੇ ਹੈ ਹੀ। ਸਭ ਜਾਣਦੇ ਹਨ ਇਸ ਸਮੇਂ ਮੈਂ ਆਇਆ ਹੋਇਆ ਹਾਂ। ਤੁਸੀਂ ਹੀ ਹੁਣ ਮਿਲਦੇ ਹੋ। ਬੇਹੱਦ ਦੇ ਬਾਪ ਨਾਲ ਤਾਂ ਮਿਲਦੇ ਹੋ ਜਦੋਂ ਬਾਪ ਜਨਮ ਦਿੰਦੇ ਹਨ। ਹੁਣ ਤੁਹਾਨੂੰ ਧਰਮ ਦਾ ਬੱਚਾ ਬਣਾਇਆ ਹੈ ਬ੍ਰਹਮਾ ਦਵਾਰਾ। ਵਿਕਾਰ ਦੇ ਤਾਂ ਬੱਚੇ ਹੋ ਨਹੀਂ ਸਕਦੇ। ਇਤਨੀ ਪ੍ਰਜਾ ਹੈ। ਭਾਈ - ਭੈਣ ਕਿੰਨੇ ਹਨ ਤਾਂ ਇਹ ਸਭ ਮੁੱਖ ਵੰਸ਼ਾਵਲੀ ਠਹਿਰੇ ਨਾ। ਸੰਨਿਆਸੀਆਂ ਦੀ ਵੰਸ਼ਾਵਲੀ ਨਹੀਂ ਹੁੰਦੀ ਹੈ ਕਿਉਂਕਿ ਉਨ੍ਹਾਂ ਵਿੱਚ ਦਾਦਾ - ਬਾਬਾ ਦਾ ਕੋਈ ਕੁਨੈਕਸ਼ਨ ਨਹੀਂ ਹੈ। ਇੱਥੇ ਬਾਪ ਵੀ ਹੈ। ਦਾਦਾ ਵੀ ਹੈ। ਦਾਦਾ ਇਨ੍ਹਾਂ ਨੂੰ ( ਵੱਡੇ ਭਾਈ ਨੂੰ ) ਕਿਹਾ ਜਾਂਦਾ ਹੈ। ਬਾਪ ਆਕੇ ਆਪਣਾ ਬਣਾਉਂਦੇ ਹਨ। ਤੁਸੀਂ ਜਾਣਦੇ ਹੋ ਅਸੀਂ ਈਸ਼ਵਰ ਦੀ ਗੋਦ ਵਿਚ ਆਏ ਹਾਂ। ਇਹ ਮੰਗਲ - ਮਿਲਣ ਹੈ। ਕਲਯੁੱਗ ਦਾ ਅੰਤ ਅਤੇ ਸਤਿਯੁਗ ਦੀ ਆਦਿ - ਇਸ ਨੂੰ ਹੀ ਸੰਗਮ ਕਿਹਾ ਜਾਂਦਾ ਹੈ। ਸੰਗਮ ਵਿਚ ਮਿਲਣ ਹੁੰਦਾ ਹੈ। ਜੀਵਨੀ ਤਿੰਨ ਨਦੀਆਂ ਦਾ ਸੰਗਮ ਹੈ। ਉਸ ਵਿੱਚ ਕੀ ਹੁੰਦਾ ਹੈ? ਗੁਰੂ ਲੋਕ ਅਤੇ ਜਿਗਿਆਸੂ ਦਾ ਮੰਗਲ - ਮਿਲਣ ਹੁੰਦਾ ਹੈ। ਉਹ ਤਾਂ ਹੋ ਗਿਆ ਜਿਸਮਾਨੀ। ਗਾਇਆ ਵੀ ਹੋਇਆ ਹੈ - ਆਤਮਾ ਅਤੇ ਪਰਮਾਤਮਾ ਦਾ ਮੰਗਲ - ਮਿਲਣ। ਇਹ ਸਭ ਤੋਂ ਚੰਗਾ ਹੈ। ਆਤਮਾਵਾਂ ਮਿਲਦੀਆਂ ਹਨ - ਪਰਮਪਿਤਾ ਪਰਮਾਤਮਾ ਨਾਲ। ਇਸ ਵਿੱਚ ਪਾਣੀ ਦੀ ਨਦੀ ਦੀ ਗੱਲ ਨਹੀਂ ਹੈ। ਇੱਥੇ ਤੁਸੀਂ ਬੈਠੇ ਹੋ। ਇਹ ਤੁਹਾਡਾ ਬਹੁਤ ਭਾਰੀ ਮੰਗਲ - ਮਿਲਣ ਹੈ। ਆਤਮਾਵਾਂ ਵੀ ਚੇਤੰਨ ਹਨ। ਪਰਮਪਿਤਾ ਪਰਮਾਤਮਾ ਦਾ ਇਹ ਲੋਨ ਲਿਆ ਹੋਇਆ ਸ਼ਰੀਰ ਹੈ, ਇਸ ਨੂੰ ਮੰਗਲ ਮਿਲਣ ਕਿਹਾ ਜਾਂਦਾ ਹੈ। ਕੁੰਭ ਦਾ ਮੇਲਾ ਕਿਹਾ ਜਾਂਦਾ ਹੈ ਨਾ। ਕੁੰਭ ਨੂੰ ਵੀ ਸੰਗਮ ਕਹਾਂਗੇ। ਤਿੰਨ ਨਦੀਆਂ ਦੇ ਸੰਗਮ ਦਾ ਨਾਮ ਕੁੰਭ ਰੱਖ ਦਿੱਤਾ ਹੈ। ਸਭ ਤੋਂ ਵੱਡਾ ਸੰਗਮ ਕਿਹੜਾ ਹੈ? ਸਾਗਰ ਅਤੇ ਨਦੀਆਂ ਦਾ। ਸਭ ਤੋਂ ਵੱਡੀ ਨਦੀ ਹੈ ਬ੍ਰਹਮਪੁੱਤਰਾ। ਉਸ ਵਿੱਚ ਬਾਬਾ ਆਉਂਦੇ ਹਨ ਇਸਲਈ ਸਾਗਰ ਅਤੇ ਬ੍ਰਹਮਪੁੱਤਰਾ ਨਦੀ ਦਾ ਇੱਕਠਾ ਮੇਲਾ ਤਾਂ ਹੈ ਹੀ। ਹੁਣ ਕੁੰਭ ਦਾ ਮੇਲਾ ਹੈ - ਸੰਗਮ ਤੇ। ਤੁਸੀਂ ਸਭ ਗਿਆਨ ਸਾਗਰ ਬਾਪ ਨੂੰ ਮਿਲਦੇ ਹੋ, ਇਸ ਨੂੰ ਈਸ਼ਵਰੀਏ ਕੁੰਭ ਦਾ ਮੇਲਾ ਕਹਿ ਸਕਦੇ ਹਾਂ। ਇਹ ਹੈ ਆਤਮਾਵਾਂ ਅਤੇ ਪਰਮਾਤਮਾ ਦਾ ਸੰਗਮ। ਕੁੰਭ ਦਾ ਸੰਗਮ, ਗੱਲ ਇੱਕ ਹੀ ਹੈ। ਤਾਂ ਤੁਸੀਂ ਬੱਚੇ ਜਾਣਦੇ ਹੋ ਅਸੀਂ ਆਪਣੇ ਲਈ ਸਵਰਗ ਦੀ ਸਥਾਪਨਾ ਕਰ ਰਹੇ ਹਾਂ। ਸਾਨੂੰ ਘਰ ਵਿਚ ਪਵਿਤ੍ਰ ਹੋਕੇ ਰਹਿਣਾ ਹੈ। ਜਿੱਥੇ ਪਵਿਤ੍ਰਤਾ ਹੈ, ਉੱਥੇ ਹੀ ਸਵਰਗ ਕਹਾਂਗੇ। ਬੱਚੇ ਪਵਿਤ੍ਰ ਰਹਿੰਦੇ ਹਨ ਤਾਂ ਪਵਿਤ੍ਰਤਾ ਸੁਖ - ਸ਼ਾਂਤੀ ਹੈ। ਤੁਹਾਡੀ ਅਵਸਥਾ ਅਜਿਹੀ ਹੋਣੀ ਚਾਹੀਦੀ ਹੈ ਜਿਵੇਂ ਦੇਵਤਾਵਾਂ ਦੀ ਹੁੰਦੀ ਹੈ। ਕੋਈ ਵੀ ਅਵਗੁਣ ਨਹੀਂ ਹੋਣਾ ਚਾਹੀਦਾ, ਉਸ ਨੂੰ ਹੀ ਸਵਰਗ ਕਹਾਂਗੇ। ਉਹ ਹੀ ਫਿਰ ਸਥਾਈ ਸਵਰਗ ਬਣ ਜਾਂਦਾ ਹੈ। ਘਰ ਵਿਚ ਅਜਿਹਾ ਲਾਇਕ ਬਣਨਾ ਹੈ, ਇਸਲਈ ਕਿਹਾ ਜਾਂਦਾ ਹੈ ਘਰ - ਘਰ ਨੂੰ ਸਵਰਗ ਬਣਾਓ। ਤੁਸੀਂ ਮਨੁੱਖਾਂ ਨੂੰ ਸਵਰਗ ਵਿਚ ਚੱਲਣ ਲਾਇਕ ਬਣਾਉਂਦੇ ਹੋ। ਤੁਹਾਡੇ ਲਈ ਹੀ ਗੀਤ ਹੈ - ਘਰ - ਘਰ ਨੂੰ ਸਵਰਗ ਬਣਾਓ। ਸਤਿਯੁਗ ਵਿੱਚ ਘਰ - ਘਰ ਵਿਚ ਸਵਰਗ ਸੀ, ਹੁਣ ਨਹੀਂ ਹੈ। ਜੋ ਬੱਚੇ ਬਾਪ ਤੋਂ ਵਰਸਾ ਲੈਂਦੇ ਹਨ ਉਨ੍ਹਾਂ ਨੂੰ ਆਪਣੇ ਘਰ ਬੈਠੇ ਪਤਿਤ ਤੋਂ ਪਾਵਨ ਬਣਨ ਦਾ ਲਕਸ਼ ਦੇਣਾ ਹੈ।

ਇਹ ਵੱਡੇ ਤੋਂ ਵੱਡਾ ਚੇਤੰਨ ਤੀਰਥ ਹੈ। ਜਿੱਥੇ ਸ਼ਿਵਬਾਬਾ ਸਾਗਰ ਹਨ, ਉੱਥੇ ਤੁਸੀਂ ਆਤਮਾਵਾਂ ਗੰਗਾਵਾਂ ਜਰੂਰ ਹੋਵੋਗੀਆਂ। ਇਹ ਸਭ ਤੋਂ ਵੱਡਾ ਉੱਚ ਤੋਂ ਉੱਚ ਮੇਲਾ ਹੈ। ਉਹ ਸਭ ਹਨ ਭਗਤੀ ਮਾਰਗ ਦੇ ਮੇਲੇ, ਇਹ ਹੈ ਗਿਆਨ ਮਾਰਗ ਦਾ ਮੇਲਾ। ਭਗਤੀ ਮਾਰਗ ਦੇ ਮੇਲੇ ਤਾਂ ਜਨਮ ਬਾਏ ਜਨਮ ਲਗਦੇ ਰਹਿੰਦੇ ਹਨ। ਗਿਆਨ ਮਾਰਗ ਦਾ ਮੇਲਾ ਇੱਕ ਹੀ ਵਾਰੀ ਲਗਦਾ ਹੈ। ਇਹ ਹੈ ਰੂਹਾਨੀ ਮਿਲਣ। ਸੁਪਰੀਮ ਰੂਹ ਪਰਮਧਾਮ ਤੋਂ ਆਕੇ ਬੱਚਿਆਂ ਨੂੰ ਮਿਲਦੇ ਹਨ। ਸਭ ਤੋਂ ਚੰਗੀ ਯਾਤਰਾ ਜਾਂ ਮੇਲਾ ਇਹ ਹੈ। ਇਹ ਚੇਤੰਨ ਸਾਗਰ ਤਾਂ ਕਿੱਥੇ ਵੀ ਜਾ ਸਕਦੇ ਹਨ। ਉਹ ਜੜ ਸਾਗਰ ਤੇ ਕਿੱਥੇ ਵੀ ਨਹੀਂ ਜਾਂਦਾ। ਇਹ ਸਾਗਰ ਜਾਂਦਾ ਹੈ। ਤੁਸੀਂ ਨਦੀਆਂ ਵੀ ਜਾਂਦੀਆਂ ਹੋ ਨਿਮੰਤਰਣ ਤੇ। ਗਿਆਨ ਸਾਗਰ ਇਸ ਬ੍ਰਹਮਪੁੱਤਰਾ ਨਦੀ ਦੇ ਨਾਲ ਚਲਦੇ ਹਨ। ਤੁਸੀਂ ਵੱਖ - ਵੱਖ ਕਿਸਮ ਦੀਆਂ ਨਦੀਆਂ ਹੋ - ਕੋਈ ਪਵਿਤ੍ਰ ਹਨ, ਕੋਈ ਅਪਵਿਤ੍ਰ ਹਨ। ਕੋਈ - ਕੋਈ ਸਮੇਂ ਅਜਿਹੇ ਬਹੁਤ ਆ ਜਾਂਦੇ ਹਨ ਜੋ ਪਵਿਤ੍ਰ ਨਹੀਂ ਰਹਿ ਸਕਦੇ ਹਨ। ਫਿਰ ਵੀ ਆਉਂਦੇ ਤਾਂ ਹਨ ਨਾ। ਬਾਹਰ ਦੇ ਗ੍ਰਹਿਸਥੀ ਵੀ ਆਉਂਦੇ ਹਨ। ਅਲਾਉ ਕੀਤਾ ਜਾਂਦਾ ਹੈ। ਇਵੇਂ ਵੀ ਨਹੀਂ, ਸਭ ਨੂੰ ਅਲਾਉ ਕਰਨਗੇ। ਕੋਈ ਮਿਤ੍ਰ ਸੰਬੰਧੀ ਆਦਿ ਆਉਂਦੇ ਹਨ, ਜਿਨ੍ਹਾਂ ਨੂੰ ਉਠਾਉਣ ਦੇ ਲਈ ਅਲਾਉ ਕਰਦੇ ਹਨ। ਨਹੀਂ ਤਾਂ ਕਾਇਦੇ ਬਹੁਤ ਹਨ। ਇੰਦ੍ਰਪ੍ਰਸਥ ਵਿੱਚ ਕੋਈ ਅਪਵਿਤ੍ਰ ਆ ਨਹੀਂ ਸਕਦਾ। ਕੋਈ ਵੀ ਪੰਡਾ ਜਾਂ ਸਬਜ਼ਪਰੀ ਆਦਿ ਕੋਈ ਵੀ ਪਤਿਤ ਨੂੰ ਨਾਲ ਨਹੀਂ ਲਿਆ ਸਕਦੀ ਇਸਲਈ ਬਾਪ ਕਹਿੰਦੇ ਹਨ ਖ਼ਬਰਦਾਰ ਰਹਿਣਾ ਹੈ, ਸਰਟੀਫਿਕੇਟ ਤੁਹਾਨੂੰ ਮਿਲਦਾ ਹੈ। ਕਿਸੇ ਨੂੰ ਨਾਲ ਲੈ ਆਉਂਦੀ ਹਨ ਜਾਂ ਭੇਜ ਦਿੰਦੀ ਹਨ, ਰਿਸਪੰਸਿਬਿਲਟੀ ਤੁਹਾਡੇ ਤੇ ਹੈ। ਉਵੇਂ ਤਾਂ ਸੈਂਟਰ ਤੇ ਤਾਂ ਨਿਮੰਤਰਣ ਵੀ ਦਿੰਦੇ ਹਨ। ਕਿੰਨੇ ਪਤਿਤ ਆਉਂਦੇ ਹੋਣਗੇ। ਸੈਂਟਰ ਤੇ ਪਤਿਤ ਆਉਣ ਤਾਂ ਤੇ ਉਨ੍ਹਾਂ ਨੂੰ ਪਾਵਨ ਬਣਾਓ। ਇੱਥੇ ਤਾਂ ਸਾਗਰ ਬੈਠਿਆ ਹੋਇਆ ਹੈ ਤਾਂ ਨਿਯਮ ਰੱਖੇ ਹੋਏ ਹਨ। ਨਬਜ਼ ਦੇਖੀ ਜਾਂਦੀ ਹੈ। ਡਾਕਟਰ ਸਰਜਨ ਤੇ ਵੱਖ - ਵੱਖ ਹੁੰਦੇ ਹਨ ਨਾ

ਮੰਮਾ - ਬਾਬਾ ਜਾਂ ਅੰਨੰਨਿਆਂ ਬੱਚੇ ਗੱਲ ਕਰਨਗੇ ਤਾਂ ਝੱਟ ਪਤਾ ਲੱਗੇਗਾ ਕਿ ਬੁੱਧੀ ਵਿੱਚ ਬੈਠਦਾ ਹੈ ਜਾਂ ਨਹੀਂ। ਤੁਸੀਂ ਕਿਸੇ ਨੂੰ ਵੀ

ਸਮਝਾਉਗੇ ਕਿ ਦੋ ਬਾਪ ਹਨ ਤਾਂ ਝੱਟ ਮੰਨਨਗੇ।। ਤਰੀਕਾ ਦੱਸਿਆ ਜਾਂਦਾ ਹੈ। ਪਰਮਪਿਤਾ ਪਰਮਾਤਮਾ ਨੂੰ ਤੇ ਸਭ ਯਾਦ ਕਰਦੇ ਹਨ। ਅਸੀ ਫਲਾਣੇ ਬਾਪ ਦੇ ਬੱਚੇ ਹਾਂ। ਸਿਰਫ ਉਨ੍ਹਾਂ ਦੇ। ਅੱਕੁਪੇਸ਼ਨ ਨੂੰ ਨਹੀਂ ਜਾਣਦੇ। ਇਹ ਤਾਂ ਤੁਸੀਂ ਬੱਚੇ ਸਮਝ ਗਏ ਹੋ ਕਿ ਜਿਸ - ਜਿਸ ਨਾਮ - ਰੂਪ ਨਾਲ ਜੋ ਮਨੁੱਖ ਆਉਂਦੇ ਹਨ, ਉਸ ਨਾਮ - ਰੂਪ ਨਾਲ ਜੋ ਮਨੁੱਖ ਆਉਂਦੇ ਹਨ, ਉਸ ਨਾਮ- ਰੂਪ ਨਾਲ ਪੰਜ ਹਜਾਰ ਵਰ੍ਹੇ ਬਾਦ ਫਿਰ ਆਉਣਾ ਹੈ ਜਰੂਰ। ਕਰਾਈਸਟ ਦਾ ਜੋ ਚਿੱਤਰ ਹੈ, ਹੂਬਹੂ ਫਿਰ ਉਸੇ ਸਮੇਂ ਹੀ ਹੋ ਸਕਦਾ ਹੈ। ਇਵੇਂ ਹੋਰ ਕਿਸੇ ਮਨੁੱਖ ਦਾ ਹੋ ਨਹੀਂ ਸਕਦਾ। ਕ੍ਰਿਸ਼ਨ ਦਾ ਜੋ ਚਿੱਤਰ ਹੈ ਇਹ ਫਿਰ ਹੋਰ ਕਿਸੇ ਮਨੁੱਖ ਰੂਪ ਵਿਚ ਹੋ ਨਹੀਂ ਸਕਦਾ। ਆਤਮਾ ਵੱਖ - ਵੱਖ ਨਾਮ, ਰੂਪ, ਦੇਸ਼, ਕਾਲ ਵਿੱਚ ਜਨਮ ਲੈਂਦੇ - ਲੈਂਦੇ ਜਦੋਂ ਪਤਿਤ ਹੋ ਗਈ ਹੈ, ਉਸਨੂੰ ਫਿਰ ਪਾਵਨ ਬਣਾਉਂਦੇ ਹਨ।

ਤੁਸੀਂ ਜਾਣਦੇ ਹੋ ਕਲਿਆਣਕਾਰੀ ਬਾਪ ਹੈ, ਅਕਲੀਆਣਕਾਰੀ ਰਾਵਣ ਹੈ। ਸਭ ਨੂੰ ਸਦਗਤੀ ਦੇਣ ਵਾਲਾ ਬਾਪ ਹੈ। ਫਿਰ ਇਸ ਵਿੱਚ ਮਨੁੱਖ ਤਾਂ ਕੀ ਸਭ ਚੀਜ਼ਾਂ ਦੀ ਸਦਗਤੀ ਹੋ ਜਾਂਦੀ ਹੈ। ਨਰਕ ਦਾ ਵਿਨਾਸ਼, ਸਵਰਗ ਦੀ ਸਥਾਪਨਾ ਹੁੰਦੀ ਹੈ। ਜੋ ਕਲਪ ਪਹਿਲੇ ਆਏ ਸਨ - ਕੋਈ ਪੰਜਾਬੀ, ਕੋਈ ਪਾਰਸੀ ਆਉਂਦੇ ਹਨ ਨਾ, ਸਭ ਨੂੰ ਨਿਮੰਤਰਣ ਦੇਣਾ ਹੈ। ਬਾਪ ਆਇਆ ਹੋਇਆ ਹੈ - ਢਿੰਡੋਰਾ ਪਿੱਟਣ ਦਾ ਵੀ ਹਰਜਾ ਨਹੀਂ ਹੈ। ਤੁਹਾਡੇ ਚਿੱਤਰ ਵੀ ਬੜੇ ਚੰਗੇ ਹਨ। ਹੁਣ ਤੁਸੀਂ ਮੰਦਿਰ ਲਾਇਕ ਬਣਦੇ ਹੋ। ਹੁਣ ਭੂਤਾਂ ਨੂੰ ਨਿਕਾਲਣ ਵਿੱਚ ਬੜੀ ਮੇਹਨਤ ਹੈ। ਲਕਸ਼ਮੀ ਅਤੇ ਨਰਾਇਣ ਨੂੰ ਵਰਣ ਲਈ ਵਿਕਾਰੀ ਅਵਗੁਣ ਨਿਕਾਲਣ ਵਿੱਚ ਕਿੰਨੀ ਮੇਹਨਤ ਲਗਦੀ ਹੈ। ਕਿਸੇ ਨੂੰ ਕਾਮ ਦਾ ਭੂਤ, ਕਿਸੇ ਨੂੰ ਕ੍ਰੋਧ ਦਾ ਭੂਤ, ਕਿਸੇ ਨੂੰ ਮੋਹ ਦਾ ਭੂਤ ਥੱਪੜ ਮਾਰ ਦਿੰਦੇ ਹਨ। ਇੱਕਦਮ ਡਿੱਗ ਜਾਂਦੇ ਹਨ। ਲੋਭਵਸ਼ ਵੀ ਡਿੱਗ ਜਾਂਦੇ ਹਨ। ਚੰਗੇ - ਚੰਗੇ ਘਰ ਦੀਆਂ ਬੱਚੀਆਂ ਮਿਠਾਈ ਵੇਖਣਗੀਆਂ ਤਾਂ ਛਿਪ ਕੇ ਖਾ ਲੈਣਗੀਆਂ। ਲੋਭ ਨੇ ਵੀ ਕਿੰਨੀਆਂ ਨੂੰ ਨੁਕਸਾਨ ਪਹੁੰਚਾਇਆ ਹੈ। ਲੋਭ ਦੇ ਵਸ ਹੀ ਚੋਰੀ ਕਰਦੇ ਹਨ। ਪਹਿਲੇ ਤੁਸੀਂ ਭੱਠੀ ਵਿਚ ਸੀ। ਹੁਣ ਤੇ ਸਭ ਨੂੰ ਆਪਣੇ ਘਰ ਵਿਚ ਭੱਠੀ ਬਣਾਉਣੀ ਪਵੇ। ਬਾਪ ਨੇ ਇੱਕ ਹੀ ਵੱਡੀ ਭੱਠੀ ਬਣਾਈ। ਹੁਣ ਤਾਂ ਕਹਿੰਦੇ ਹਨ ਪਹਿਲੇ ਸਤ ਰੋਜ ਭੱਠੀ ਵਿਚ ਰਹਿਣਾ ਪਵੇ। ਅੱਜਕਲ ਕਿਸੇ ਦਾ ਭੱਠੀ ਵਿਚ ਬੈਠਣਾ ਬੜਾ ਮੁਸ਼ਕਿਲ ਹੈ। ਸੈਂਟਰ ਵਿਚ ਵੀ ਆਉਂਦੇ ਹਨ ਤਾਂ ਰੰਗ ਚੜ੍ਹਾਉਂਦੇ ਹੋ ਫਿਰ ਘਰ ਵਿਚ ਜਾਣ ਤੇ ਉੱਡ ਜਾਂਦਾ ਹੈ। ਸੰਗ ਦੋਸ਼ ਲੱਗ ਜਾਂਦਾ ਹੈ। ਹੁਣ ਤੇ ਬੜੀ ਮਿਹਨਤ ਹੈ।

ਹੁਣ ਤੁਸੀਂ ਬੱਚੇ ਜਾਣਦੇ ਹੋ ਅਸੀਂ ਈਸ਼ਵਰੀਏ ਕੁਲ ਵਿੱਚ ਬੈਠੇ ਹਾਂ। ਦਾਦਾ, ਬਾਬਾ ਅਤੇ ਅਸੀਂ ਭਾਈ - ਭੈਣ ਹਾਂ। ਬ੍ਰਾਹਮਣ ਕੁਲ ਸਰਵੋਤਮ ਗਾਇਆ ਹੋਇਆ ਹੈ। ਉਨ੍ਹਾਂ ਬ੍ਰਾਹਮਣਾਂ ਨੂੰ ਵੀ ਤੁਸੀਂ ਗਿਆਨ ਦੇ ਸਕਦੇ ਹੋ - ਬ੍ਰਾਹਮਣ ਹਨ ਉੱਤਮ ਚੋਟੀ, ਇਹ ਸੰਗਮਯੁੱਗੀ ਬ੍ਰਾਹਮਣ ਹੀ ਫਿਰ ਦੇਵਤਾ ਬਣਦੇ ਹਨ, ਪਹਿਲਾਂ ਤਾਂ ਦੇਵਤਿਆਂ ਤੋਂ ਵੀ ਉੱਚ ਬ੍ਰਾਹਮਣ ਹਨ, ਚੋਟੀ ਤੇ ਉੱਚੀ ਠਹਿਰੀ ਨਾ, ਤੁਸੀਂ ਬ੍ਰਾਹਮਣ ਦੇਵਤਾਵਾਂ ਦੀ ਪੂਜਾ ਕਰਦੇ ਹੋ, ਆਪਣੇ ਨੂੰ ਪੁਜਾਰੀ, ਉਨ੍ਹਾਂ ਨੂੰ ਪੂਜੀਏ ਸਮਝਦੇ ਹੋ, ਤੁਸੀਂ ਉਨ੍ਹਾਂ ਪੁਜਾਰੀਆਂ, ਬ੍ਰਾਹਮਣਾਂ ਨੂੰ ਵੀ ਇਹ ਸਮਝਾ ਸਕਦੇ ਹੋ। ਤੁਸੀਂ ਤਾਂ ਹੋ ਸੱਚੇ - ਸੱਚੇ ਬ੍ਰਾਹਮਣ ਸੰਗਮਯੁੱਗੀ। ਤੁਸੀਂ ਬ੍ਰਹਮਾ ਮੁੱਖ ਵੰਸ਼ਾਵਲੀ ਹੋ, ਫਿਰ ਤੁਸੀਂ ਸੋ ਦੇਵਤਾ ਬਣਦੇ ਹੋ। ਸਵਰਗ ਦਾ ਦੇਵਤਾ ਜਰੂਰ ਪਰਮਪਿਤਾ ਪਰਮਾਤਮਾ ਹੀ ਬਨਾਉਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਅੰਦਰ ਦੇ ਅਵਗੁਣਾਂ ਦੀ ਜਾਂਚ ਕਰ ਉਨ੍ਹਾਂਨੂੰ ਨਿਕਾਲਣਾ ਹੈ। ਸੰਗ ਦੋਸ਼ ਤੋਂ ਆਪਣੀ ਸੰਭਾਲ ਕਰਨੀ ਹੈ। ਦੇਵਤਾਈ ਗੁਣ ਧਾਰਨ ਕਰ ਖੁਦ ਨੂੰ ਲਾਇਕ ਬਨਾਉਣਾ ਹੈ।

2. ਘਰ - ਘਰ ਨੂੰ ਸਵਰਗ ਬਣਾਉਣ ਦੀ ਸੇਵਾ ਕਰਨੀ ਹੈ। ਭੂਤਾਂ ਨੂੰ ਬਾਪ ਦੀ ਯਾਦ ਨਾਲ ਭਜਾਉਣਾ ਹੈ। ਬਾਪ ਦੇ ਨਾਲ ਮੰਗਲ ਮਿਲਣ ਮਨਾਉਂਦੇ ਰਹਿਣਾ ਹੈ।

ਵਰਦਾਨ:- ਆਪਣੇ ਅਨਾਦਿ ਸੰਸਕਾਰਾਂ ਨੂੰ ਇਮਰਜ ਕਰ ਸਰਵ ਸਮੱਸਿਆਵਾਂ ਨੂੰ ਪਾਰ ਕਰਨ ਵਾਲੇ ਉੱਡਦਾ ਪੰਛੀ ਭਵ

ਤੁਸੀਂ ਸਭ ਅਨਾਦਿ ਰੂਪ ਵਿਚ ਹੋ ਹੀ ਉੱਡਣ ਵਾਲੇ, ਲੇਕਿਨ ਬੋਝ ਦੇ ਕਾਰਣ ਉੱਡੱਦਾ ਪੰਛੀ ਦੀ ਬਜਾਏ ਪਿੰਜੜੇ ਦੇ ਪੰਛੀ ਬਣ ਗਏ ਹੋ। ਹੁਣ ਫਿਰ ਤੋਂ ਅਨਾਦਿ ਸੰਸਕਾਰ ਇਮਰਜ ਕਰੋ ਮਤਲਬ ਫਰਿਸ਼ਤੇ ਰੂਪ ਵਿਚ ਸਥਿਤ ਰਹੋ, ਇਸ ਨੂੰ ਹੀ ਸਹਿਜ ਪੁਰਸ਼ਾਰਥ ਕਿਹਾ ਜਾਂਦਾ ਹੈ। ਉੱਡਦਾ ਪੰਛੀ ਬਣੋਗੇ ਤਾਂ ਪ੍ਰਸਥਿਤੀਆਂ ਹੇਠਾਂ ਅਤੇ ਤੁਸੀਂ ਉੱਪਰ ਹੋ ਜਾਵੋਗੇ। ਇਹ ਹੀ ਸਰਵ ਸਮੱਸਿਆਵਾਂ ਦਾ ਸਮਾਧਾਨ ਹੈ।

ਸਲੋਗਨ:- ਹਰ ਕਦਮ ਵਿੱਚ ਕਲਿਆਣ ਸਮਝ ਹਰ ਆਤਮਾ ਨੂੰ ਸ਼ਾਂਤੀ ਦੀ ਸ਼ਕਤੀ ਦਾ ਦਾਨ ਦੇਣਾ ਹੀ ਸੱਚੀ ਸੇਵਾ ਹੈ।

******